International Journal of Applied Research 2017; 3(7): 344-346



International Journal of Applied Research

**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(7): 344-346
www.allresearchjournal.com
Received: 18-05-2017
Accepted: 22-06-2017

**ਡਾ. ਅਮਰਬੀਰ ਕੌਰ**
ਐਸੋਸੀਏਟ ਪ੍ਰੋਫ਼ੈਸਰ,
ਮਾਤਾ ਸੁੰਦਰੀ ਕਾਲਜ,
ਨਵੀਂ ਦਿੱਲੀ

**Correspondence**
**ਡਾ. ਅਮਰਬੀਰ ਕੌਰ**
ਐਸੋਸੀਏਟ ਪ੍ਰੋਫ਼ੈਸਰ,
ਮਾਤਾ ਸੁੰਦਰੀ ਕਾਲਜ,
ਨਵੀਂ ਦਿੱਲੀ

# ਗਲਪ ਦੇ ਅਧਿਐਨ ਤੇ ਅਧਿਆਪਨ ਦਾ ਮਸਲਾ

**ਡਾ. ਅਮਰਬੀਰ ਕੌਰ**

ਗਲਪ ਦੇ ਅਧਿਐਨ ਤੇ ਅਧਿਆਪਨ ਦਾ ਮਸਲਾ ਅੱਜ ਦੇ ਪੰਜਾਬੀ ਚਿੰਤਨ ਨੂੰ ਅਧਿਐਨ ਤੇ ਅਧਿਆਪਨ ਦੀ ਦੁਨੀਆਂ ਵਿਚ ਵਿਸ਼ਵ ਪੱਧਰ ਤੇ ਕੁਝ ਸਮੱਸਿਆਵਾਂ ਨਾਲ ਸਾਹਮਣਾ ਕਰਨਾ ਪੈ ਰਿਹਾ ਹੈ ਮਨੁੱਖੀ ਮਨ ਵਿਸ਼ਾਲ, ਉਦਾਸੀਨ ਅਤੇ ਮਾਨਵਤਾ ਦੇ ਅਲੱਗ-ਅਲੱਗ ਪਸਾਰੇ ਨੂੰ ਸੰਵੇਦਨੀ ਪੱਧਰ ਤੇ ਵਿਚਾਰ ਕੇ ਪੇਸ਼ ਕਰਦਾ ਹੈ। ਸੰਸਾਰ ਵਿਚ ਮਕਾਨਕੀ, ਤੇ ਮਾਨਵੀ ਦਵੰਦਾਤਮਕ ਜੋੜ ਤੋੜ ਅਰਥਾਤ ਜੋ ਵੀ ਸੰਸਾਰ ਵਿਚ ਘਟਨਾਵਾਂ ਤੇਜ਼ੀ ਨਾਲ ਵਾਪਰ ਰਹੀਆਂ ਹਨ ਨੂੰ ਨਾਵਲੀ-ਵਿਧਾ ਦੇ ਵੰਗਾਰਾਤਮਕ ਰੂਪ ਵਿਚ ਕਬੂਲਿਆ ਹੈ।

ਅੱਜ ਦੇ ਮਨੁੱਖ ਦੀ ਸਥਿਤੀ ਨੂੰ ਵਿਸ਼ਵ ਪੱਧਰ ਦੇ ਚਿੰਤਨ ਵਿਸ਼ਵਾਰਥੀ ਇਕਾਈ ਵਜੋਂ ਚਿੱਤਰ ਰਹੇ ਹਨ ਸੰਸਾਰ ਦੇ ਹਰ ਖੇਤਰ ਵਿਚ ਇਸਦੀ ਚਰਚਾ ਹੋ ਰਹੀ ਹੈ ਅਸੀਂ ਆਧੁਨਿਕ ਗਲਪ ਦੇ ਬਾਰੇ ਗੱਲ ਕਰਦਿਆਂ ਇਸਦੀ ਵਿਧਾ ਬਾਰੇ ਵੀ ਜਾਗਰੂਕ ਹੋ ਗਏ ਹਾਂ। ਪੰਜਾਬੀ ਵਿਚ ਨਾਵਲ ਸਾਹਿਤ ਦੀ ਇਕ ਅਮੁੱਲ ਤੇ ਵਿਬਾਲ ਪਰੰਪਰਾ ਸਾਡੀ ਪ੍ਰਾਪਤੀ ਬਣ ਚੁਕੀ ਹੈ। ਪੰਜਾਬੀ ਭਾਸ਼ਾ ਆਪਣੀਆਂ ਹੋਂਦਾ ਪਾਰ ਕਰਕੇ ਵਿਸ਼ਵ ਪੱਧਰ ਦੀਆਂ ਭਾਸ਼ਾਵਾਂ ਨਾਲ ਆਪਣੀ ਥਾਂ ਬਣਾ ਚੁੱਕੀ ਹੈ। ਇਸ ਲਈ ਸਾਡੇ ਲਈ ਆਪਣੇ ਰਚਨਾਤਮਕ ਸਰੋਤਾਂ ਬਾਰੇ ਜਾਗਰੂਕ ਹੋ ਕੇ ਵਿਧੀਗਤ ਢੰਗ ਨਾਲ ਅਧਿਐਨ ਕਰਨਾ ਪਏਗਾ। ਜਦੋਂ ਵੀ ਅਧਿਐਨ ਵਿਧੀ ਦੀ ਗੱਲ ਕਰਾਂਗੇ ਤਾਂ ਉਸਦੀ ਆਲੋਚਨਾ ਬਾਰੇ ਵੀ ਵਿਚਾਰਨਾ ਜ਼ਰੂਰੀ ਹੋ ਜਾਂਦਾ ਹੈ। ਪੰਜਾਬੀ ਨਾਵਲ ਸਬੰਧੀ ਜਿੰਨੀ ਸਮੀਖਿਆ ਸਾਹਮਣੇ ਆ ਚੁੱਕੀ ਹੈ, ਉਸਦਾ ਵਿਵੇਚਨ ਵੀ ਅਸੀਂ ਪਹਿਲਾਂ ਕਰਾਂਗੇ।

ਗਲਪ ਨੂੰ ਵਿਸਤ੍ਰਿਤ ਚਿਹਨ ਪ੍ਰਬੰਧ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਤੇ ਇਹ ਚਿਹਨ-ਪ੍ਰਬੰਧ ਭਾਸ਼ਾ ਦੇ ਨਾਲ-ਨਾਲ ਭਾਸ਼ਾ ਤੋਂ ਪਾਰ ਵੀ ਹੁੰਦਾ ਹੈ। ਪੰਜਾਬੀ ਨਾਵਲ ਸੰਬੰਧੀ ਸਮੀਖਿਆ ਦਾ ਵਿਵੇਚਨ ਕਰਦਿਆਂ ਪ੍ਰਾਪਤ ਪੰਜਾਬੀ ਆਲੋਚਨਾ ਦੀ ਸਮਰਥਾ ਅਤੇ ਸੀਮਾਵਾਂ ਦੋਨਾਂ ਨੂੰ ਵਿਚਾਰਾ ਲਾਜ਼ਮੀ ਹੈ ਤੇ ਨਾਲ-ਨਾਲ ਪੰਜਾਬੀ ਨਾਵਲ ਦੀ ਸਿਰਜਨਾ ਵਿਚ ਪ੍ਰਗਟ ਹੋਈ ਗਲਪੀ ਯੋਗਤਾ ਨੂੰ ਵੀ ਪਹਿਚਾਣਿਆ ਗਿਆ ਹੈ।

ਪੰਜਾਬੀ ਨਾਵਲ ਜਗਤ ਵਿਚ ਜਸਵੰਤ ਸਿੰਘ ਕੰਵਲ ਨੇ ਨਾਨਕ ਸਿੰਘ ਤੋਂ ਬਾਅਦ ਸਭ ਤੋਂ ਵਧੇਰੇ ਨਾਵਲ ਰਚੇ ਤੇ ਉਸਦੇ ਨਾਵਲਾਂ ਬਾਰੇ ਪੰਜਾਬੀ ਵਿਚ ਸਮੀਖਿਆ ਵੀ ਬਹੁਤ ਹੋਈ ਜਦੋਂ ਅਸੀਂ ਪੰਜਾਬੀ ਨਾਵਲ ਸਮੀਖਿਆ ਦੀ ਗੱਲ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਨਾਵਲ ਦੀ ਸਮੀਖਿਆ ਨਾਵਲ ਤੋਂ ਕਾਫ਼ੀ ਪਿੱਛੇ ਹੈ। ਨਾਵਲਾਂ ਦੀ ਬੇਸ਼ੁਮਾਰ ਗਿਣਤੀ ਵੱਖ-ਵੱਖ ਪੱਧਰ ਤੇ ਵੱਖ-ਵੱਖ ਨਾਵਲਕਾਰਾਂ ਦੁਆਰਾ ਹੋ ਰਹੀ ਹੈ ਪਰ ਪੰਜਾਬੀ ਨਾਵਲ ਸਮੀਖਿਆ ਦੇ ਸਮੀਖਿਆਕਾਰਾਂ ਦੀ ਗਿਣਤੀ ਘੱਟ ਹੈ ਜੋ ਰਤਾ ਕੁ ਗਹੁ ਨਾਲ ਦੇਖਣ ਤੇ ਪਤਾ ਲਗਦਾ ਹੈ ਕਿ ਉਹ ਪੰਜਾਬੀ ਕਾਵਿ ਸ਼ਾਸਤਰ ਤੋਂ ਬਿਨਾਂ ਹੀ ਆਪਣਾ ਕਾਰਜ ਸਾਰਦੀ ਹੈ। ਨਾਵਲ ਕੀ ਹੈ ? ਸਾਹਿਤ ਦੇ ਪ੍ਰਬੰਧ ਵਿਚ ਨਾਵਲ ਦਾ ਕੀ ਸਥਾਨ ਹੈ ? ਇਸ ਸਾਧਾਰਣ ਵਾਸਤਵਿਕਤਾ ਦੇ ਬਿੰਦੂ ਤੇ ਹਰ ਵਿਅਕਤੀ ਨਾਵਲ ਰਚਨਾ ਬਾਰੇ ਕੁਝ ਨਾ ਕੁਝ ਜ਼ਰੂਰ ਕਹਿ ਜਾਂਦਾ ਹੈ। ਪਰ ਕਿਸੇ ਵਿਸ਼ੇਸ਼ ਸਭਿਆਚਾਰਕ ਪਰੰਪਰਾ ਦੇ ਅੰਤਰਗਤ ਨਾਵਲਾਂ ਦੀ ਹੋਂਦ ਅਣਹੋਂਦ ਕੀ ਫਰਕ ਪਾਂਦੀ ਹੈ। ਅਜਿਹੀਆਂ ਗੱਲਾਂ ਨਾਲ ਸਧਾਰਣ ਬੁੱਧੀ ਵਾਲੇ ਆਲੋਚਕ ਬਹੁਤ ਧਿਆਨ ਨਹੀਂ ਦਿੰਦੇ ਉਹ ਤਾਂ ਨਾਵਲ ਦੀ ਸਿਧਾਂਤਕ ਸੂਝ ਬੂਝ ਨੂੰ ਗ੍ਰਹਿਣ ਕੀਤੇ ਬਿਨਾਂ, ਨਾਵਲ ਦੀ ਦੁਨੀਆਂ ਵਿਚ ਪ੍ਰਵੇਸ਼ ਹੋ ਕੇ ਵਾਸਤਵਿਕਤਾ ਦੇ ਅਧਾਰ ਤੇ ਮਨ-ਇੱਛਤ ਸਿੱਟੇ ਕੱਢੀ ਜਾਂਦੇ ਹਨ। ਕਈ ਬੁੱਧੀਜੀਵੀ ਨਾਵਲ ਦੀ ਆਲੋਚਨਾ ਕਰਨ ਸਮੇਂ ਸਾਰਾ ਕੰਮ ਸਿਧਾਂਤ ਵਿਹੂਣੀ ਸਧਾਰਣ ਬੁੱਧੀ ਨਾਲ ਹੀ ਕਰ ਜਾਂਦੇ ਹਨ ਇਹ ਬੁੱਧੀ ਨਾਵਲ ਨੂੰ

ਯਥਾਰਥ ਦਾ ਪ੍ਰਤੀਪੇਖ ਹੀ ਸਮਝਦੀ ਹੈ ਪਰ ਜੇ ਅਸੀਂ ਗਹੁ ਨਾਲ ਦੇਖਦੇ ਹਾਂ ਤਾਂ ਪਤਾ ਚਲਦਾ ਹੈ ਕਿ ਨਾਵਲ ਸਮੀਖਿਆ ਅਜੇ ਤਕ ਨਾ ਹੋਣ ਦੀ ਬਰਾਬਰ ਹੋਈ ਹੈ। ਇੱਥੋਂ ਹੀ ਸਾਡੇ ਅਧਿਐਨ ਦੀ ਦਿਸ਼ਾ ਪੰਜਾਬੀ ਨਾਵਲ-ਸਮੀਖਿਆ ਤੇ ਖਾਸ ਕਰਕੇ ਜਸਵੰਤ ਸਿੰਘ ਕੰਵਲ ਦੇ ਸੰਦਰਭ ਵਿਚ ਵੱਖਰੀ ਹੋ ਜਾਂਦੀ ਹੈ।

ਪੰਜਾਬੀ ਸਾਹਿਤ ਵਿਚ ਜਦ ਵੀ ਨਾਵਲ ਨੂੰ ਵੇਖਾਂਗੇ, ਪਰਖਾਂਗੇ ਤਾਂ ਪਹਿਲੀ ਧਾਰਨਾ ਵਿਚ ਹੁੰਦੀ ਹੈ ਕਿ ਨਾਵਲ ਇਕ ਲਿਖਤ ਹੈ ਅਤੇ ਲਿਖਤ ਦਾ ਚਰਿਤਰ ਕੇਵਲ ਕਿਸੇ ਪੂਰਬ ਨਿਸ਼ਚਿਤ ਤੇ ਸਥਾਪਿਤ ਯਥਾਰਥ ਨੂੰ ਪੇਸ਼ ਕਰਨਾ ਨਹੀਂ ਹੁੰਦਾ। ਲਿਖਤ ਦਾ ਕੰਮ ਤਾਂ ਬਾਹਰਲੇ ਜਗਤ ਨੂੰ ਸਮਝਣਾ, ਸਮਝ ਦੇ ਉਸ ਦੇ ਅਰਥਾਂ ਦਾ ਉਤਪਾਦਨ ਕਰਨਾ ਤੇ ਸੰਬੰਧਿਤ ਸਭਿਆਚਾਰ ਦੀ ਪਰੰਪਰਾ ਦੇ ਅੰਤਰਗਤ ਗਿਆਨਦੀਆਂ ਵੇਖਾਰਥੀ (ਵੱਖ-ਵੱਖ) ਸੰਭਾਵਨਾਵਾਂ ਦਾ ਰਾਹ ਖੋਲ੍ਹਣਾ ਹੁੰਦਾ ਹੈ। ਨਾਵਲ ਅਵੱਸ਼ ਹੀ ਲਿਖਤ ਹੁੰਦੀ ਹੈ ਅਤੇ ਉਸਦਾ ਮਨੋਰਥ ਵਿਸ਼ੇਸ਼ ਸੰਗਠਨ ਦੁਆਰਾ ਅਰਥ ਉਤਪਾਤਨ ਤੇ ਗਿਆਨ ਵਧਾਉਣ ਦਾ ਕਾਰਜ ਕਰਦੀ ਹੈ ਇਸ ਗੱਲ ਲਈ ਸਾਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਲਿਖਤ ਹਮੇਸ਼ਾਂ ਭਾਸ਼ਾ ਵਿਚ ਹੁੰਦੀ ਹੈ, ਤੇ ਭਾਸ਼ਾ ਦਾ ਮੁੱਖ ਉਦੇਸ਼ ਅਰਥਾਂ ਨੂੰ ਜਨਮ ਦੇਣਾ ਤੇ ਗਿਆਨ ਵਧਾਉਣਾ ਹੁੰਦਾ ਹੈ। ਭਾਸ਼ਾ ਇਕ ਪ੍ਰਬੰਧ ਵੀ ਹੇ, ਜੋ ਮਨੁੱਖ ਵਿਚ ਸੁਰਤਿ ਮਤਿ ਬੁਧ ਪੈਦਾ ਕਰਦੀ ਹੈ। ਇਹ ਅਜਿਹੀਆਂ ਪ੍ਰਾਪਤੀਆਂ ਹਨ, ਜੋ ਮਨੁੱਖ ਦੀਆਂ ਸਰੀਰਕ ਲੋੜਾਂ ਤੋਂ ਸੁਤੰਤਰ ਹਨ ਅਤੇ ਗਿਆਨ ਦਾ ਰਾਹ ਖੋਲ੍ਹਦੀਆਂ ਹਨ। ਮਨੁੱਖ ਦਾ ਸਾਰਾ ਸਭਿਆਚਾਰ ਹੀ ਭਾਸ਼ਾ ਹੈ, ਭਾਸ਼ਾ ਅਤੇ ਸਾਹਿਤ ਦੇ ਪ੍ਰਸੰਗ ਵਿਚ ਇਹ ਚੇਤਨਾ ਸਿਰਜਣਾਤਮਕ ਪੱਖੋਂ ਜਾਗਰੂਕ ਹੋ ਰਹੀ ਹੈ ਭਾਸ਼ਾ ਸਭਿਆਚਾਰ ਸਮੂਹ ਦੇ ਗਿਆਨ-ਸ਼ਾਸਤਰੀ ਸਿਸਟਮ ਨੂੰ ਸਮਝਣ ਵਿਚ ਸਹਾਇਕ ਹੁੰਦੀ ਹੈ। ਸਦੀਆਂ ਤੋਂ ਇਹ ਧਾਰਨਾ ਹੀ ਸਵੀਕਾਰ ਕੀਤੀ ਜਾਂਦੀ ਰਹੀ ਹੈ ਕਿ ਭਾਸ਼ਾ ਸਾਡੇ ਜੀਵਨ ਦੇ ਨਿਤਾਪ੍ਰਤੀ ਯਥਾਰਥ ਦਾ ਅਨੁਕਰਣ ਕਰਦੀ ਹੈ ਪਰ ਅੱਜ ਦੇ ਵਿਦਵਾਨਾਂ ਅਨੁਸਾਰ ਭਾਸ਼ਾ ਵਸਤਾਂ ਦੀ ਨਕਲ ਨਹੀਂ, ਸਗੋਂ ਸ਼ਬਦਾਂ ਦੇ ਅਰਥਾਂ ਨੂੰ ਰੁਪਾਂਤਰਣ ਕਰਨ ਦਾ ਨਾਮ ਹੈ।

ਪਲੈਟੋ ਅਤੇ ਅਰਸਤੂ ਦੇ ਕਾਵਿ ਸ਼ਾਸਤਰ ਵਿਚ ਅਨੁਕਰਣ ਦਾ ਸਿਧਾਂਤ ਸਥਾਪਿਤ ਹੋ ਗਿਆ ਸੀ ਤੇ ਕਲਾਸਕੀ ਯੂਨਾਨ ਦੇ ਜ਼ਮਾਨੇ ਤੋਂ ਲੈ ਕੇ 20ਵੀਂ ਸਦੀ ਤਕ ਅਨੁਕਰਣ ਦੀ ਕੋਟੀ ਕਾਵਿ ਸ਼ਾਸਤਰ ਵਿਚ ਪ੍ਰਧਾਨ ਰਹੀ। ਨਾਵਲੀ ਸਿਧਾਂਤਕਾਰਾਂ ਨੇ ਤਾਂ ਖਾਸ ਕਰਕੇ ਨਾਵਲ ਸੰਬੰਧੀ ਇਹ ਸਿਧਾਂਤ ਬਣਾ ਲਿਆ ਕਿ ਨਾਵਲ ਵਿਚ ਤਾਂ ਵਾਸਤਵਿਕਤਾ ਦਾ ਅਨੁਕਰਣ ਹੁੰਦਾ ਹੈ, ਜਾਂ ਯਥਾਰਥ ਦਾ ਚਿਤਰਣ ਹੁੰਦਾ ਹੈ। ਇਸ ਤਰ੍ਹਾਂ ਵਸਤਾਂ, ਪਦਾਰਥਾਂ, ਵਿਹਾਰਾਂ ਆਦਿ ਦੀ ਗੱਲ ਜ਼ੋਰ ਪਕੜਦੀ ਗਈ ਅਤੇ ਹਾਲੇ ਤੀਕ ਨਾਵਲ ਦੇ ਖੇਤਰ ਵਿਚ ਚਰਚਾ ਇਨ੍ਹਾਂ ਅਧਾਰ ਉਤੇ ਹੁੰਦੀ ਹੈ।

ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਪੱਛਮ ਵਿਚ ਗਿਆਨ ਵਿਗਿਆਨ ਦੇ ਖੇਤਰ ਵਿਚ ਭਾਸ਼ਾ ਵਿਗਿਆਨਕ ਮਾਡਲ ਜ਼ੋਰ ਪਕੜਦੇ ਹਨ, ਭਾਸ਼ਾ ਵਿਗਿਆਨਕ ਮਾਡਲ ਦੇ ਜ਼ੋਰ ਪਕੜਨ ਨਾਲ ਨਤੀਜਾ ਇਹ ਨਿਕਲਿਆ ਕਿ ਸਾਹਿਤ ਨੂੰ ਭਾਵੇਂ ਸਮੂਰਤਣ ਦਾ ਜਗਤ ਹੀ ਕਿਹਾ ਗਿਆ ਹੈ, ਪਰ ਧਿਆਨ ਉਸਦੇ ਲਿਖਤੀ ਚਰਿੱਤਰ ਉਤੇ ਲਗ ਗਿਆ ਹੈ। ਵਿਦਵਾਨਾਂ ਦੇ ਅਨੁਕਰਣ ਦੇ ਮੁਕਾਬਲੇ ਤੋਂ ਚਿਹਨ ਵਿਗਿਆਨਕ ਪ੍ਰਬੰਧ ਅਤੇ ਪ੍ਰਵਚਨ ਦਾ ਸਿਧਾਂਤ ਸਾਹਮਣੇ ਲੈ ਆਉਂਦਾ ਹੈ ਇਸਤਰ੍ਹਾਂ, ਉਨ੍ਹਾਂ ਦੇ ਨਾਵਲ ਪਾਸੋਂ ਇਹ ਉਮੀਦ ਰਖਣੀ ਸ਼ੁਰੂ ਕਰ ਦਿੱਤੀ ਕਿ ਨਾਵਲ ਇਕ ਲਿਖਤ ਹੋਣ ਦੀ ਹਾਲਤ ਵਿਚ ਸੰਬੰਧਿਤ ਸੰਸਕ੍ਰਿਤੀ ਦੀ ਸਮੱਸਿਆਵਾਂ ਨੂੰ ਸਮਝਣ ਅਤੇ ਗਿਆਨ ਦੀਆਂ ਸੰਭਾਵਨਾਵਾਂ ਦਾ ਰਾਹ ਖੋਲ੍ਹਣ ਵਿਚ ਕਿੱਥੋਂ ਤੀਕ ਆਉਂਦਾ ਹੈ ਪੰਜਾਬੀ ਸਾਹਿਤ ਤੇ ਨਾਵਲ ਲਈ ਆਲੋਚਨਾ ਦੀ ਇਹ ਕਮੇਟੀ ਬੜੀ ਅਜੀਬ ਤੇ ਅਜਨਬੀ ਹੈ ਪਰ ਅਸੀਂ ਇਸ ਕਮੇਟੀ ਨੂੰ ਧਿਆਨ ਵਿਚ ਰਖਦਿਆਂ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਨੂੰ ਸਾਹਿਤ ਦੇ ਲਿਖਤੀ ਕਿਰਦਾਰ ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਯਤਨ ਵੀ ਕਰਦੇ ਹਾਂ ਕਿ ਭਾਸ਼ਾ ਵਿਗਿਆਨਕ ਮਾਡਲ ਨੂੰ ਕੇਂਦਰ ਵਿਚ ਰਖ ਕੇ ਕਾਵਿ ਸ਼ਾਸਤਰੀ ਅਧਾਰਾਂ ਉਤੇ ਜਸਵੰਤ ਸਿੰਘ ਕੰਵਲ ਦੇ ਨਾਵਲ ਦਾ ਵਿਸ਼ਲੇਸ਼ਣ ਕਰੀਏ ਤਾਂ ਉਸਦੇ ਨਾਵਲਾਂ ਦੀਆਂ ਤੈਹਾਂ ਵਿਚ ਪਏ ਪੈਰਾਡਾਇਮ ਨੂੰ ਪਛਾਣੀਏ।

ਪੱਛਮ ਵਿਚ ਨਾਵਲ ਦਾ ਸਾਰਾ ਕਾਵਿ ਸ਼ਾਸਤਰ ਅਨੁਕਰਣ ਦੀ ਕੋਟੀ ਤੋਂ ਸ਼ੁਰੂ ਹੁੰਦਾ ਹੇ ਤੇ ਪ੍ਰਵਚਨ ਸਿਧਾਂਤ ਤੀਕ ਜਾਂਦਾ ਹੈ। ਇਸ ਦੇ ਉਲਟ ਸਾਡੀ ਪੰਜਾਬ ਦੀ ਪਰੰਪਰਾ ਵਿਚ ਬਿਰਤਾਂਤ ਸਿਰਜਣਾ ਮਿੱਥ ਤੋਂ ਸ਼ੁਰੂ ਹੁੰਦੀ ਹੈ ਤੇ ਅਨੁਕਰਣ ਵਲ ਵਧਦੀ ਹੈ। ਪੰਜਾਬ ਦੀ ਪਰੰਪਰਾ ਵਿਚ ਜਿੰਨੇ ਬਿਰਤਾਂਤ ਮਿਲਦੇ ਹਨ, ਉਨ੍ਹਾਂ ਸਾਰਿਆਂ ਵਿਚ ਯਥਾਰਥ ਦੇ ਪ੍ਰਤਿਪਾਦਨ ਦੀ ਬਜਾਏ ਯਥਾਰਥ ਦੇ ਅਰਥਾਂ ਨੂੰ ਉਤਾਪਦਨ ਕਰਨ ਦਾ ਜ਼ਤਨ ਕੀਤਾ ਗਿਆ ਹੈ। ਜਨਮਸਾਖੀ ਦੀ ਮਿਸਾਲ ਸਾਡੇ ਪਾਸੇ ਹੈ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਯਥਾਰਥਕ ਹਾਲਾਤ ਹੀ ਨਹੀਂ, ਸਗੋਂ ਉਸ ਵਿਚ ਤਾਂ ਬਹੁਤ ਕੁਝ ਐਸਾ ਰਲਾਇਆ ਮਿਲਾਇਆ ਗਿਆ ਹੈ ਕਿ ਉਸ ਰਾਹੀਂ ਜੀਵਨ ਦੀ ਵਾਸਤਵਿਕਤਾ ਨਾਲੋਂ ਜੀਵਨ ਦਾ ਦਰਸ਼ਨ ਅਤੇ ਫ਼ਲਸਫ਼ਾ ਵਧੇਰੇ ਰੁਪਮਾਨ ਹੁੰਦੇ ਹਨ। ਇਸ ਤਰ੍ਹਾਂ ਸਾਡਾ ਬਿਰਤਾਂਤ ਮੁੱਢ ਤੋਂ ਹੀ ਭਾਸ਼ਾ ਆਧਾਰੀ, ਲਿਖਤ ਆਧਾਰੀ ਤਥਾ ਪ੍ਰਵਚਨ ਆਧਾਰੀ ਰਿਹਾ ਹੈ। ਪਰ ਪੱਛਮੀ ਅਸਰਾਂ ਦੇ ਅਧੀਨ ਜਦੋਂ ਪੰਜਾਬ ਵਿਚ ਨਾਵਲ ਪ੍ਰਵੇਸ਼ ਕਰਦਾ ਹੈ ਤਾਂ ਅਸੀਂ ਲਿਖਤ ਦੇ ਚਰਿੱਤਰ ਤੋਂ ਹੱਟ ਕੇ ਅਨੁਕਰਣ ਦੀ ਕੋਟੀ ਦੇ ਅਧੀਨ ਹੋ ਜਾਂਦੇ ਹਾਂ।

ਸਾਡਾ ਪ੍ਰਮੁੱਖ ਨਾਵਲਕਾਰ ਨਾਨਕ ਸਿੰਘ ਹੈ। ਨਾਨਕ ਸਿੰਘ ਨੇ ਅਚੇਤ ਤੌਰ ਤੇ ਭਾਵੇਂ ਪੁਰਾਤਨ ਜਨਮ ਸਾਖੀ ਵਾਲੀਆਂ ਵਿਧੀਆਂ ਨੂੰ ਅਪਣਾਇਆ ਹੈ ਪਰ ਸੁਚੇਤ ਪੱਧਰ ਤੇ ਉਹ ਆਪਣੇ ਨਾਵਲਾਂ ਵਿਚ ਜੀਵਨ ਦੀ ਵਾਸਤਵਿਕਤਾ ਦਾ ਰੰਗ ਬੰਨ੍ਹਣ ਉਤੇ ਲਗਾ ਰਹਿੰਦਾ ਹੈ। ਅਸਲ ਵਿਚ ਨਾਵਲ ਕਲਚਰ ਸਾਨੂੰ ਨਾਨਕ ਸਿੰਘ ਨੇ ਹੀ ਦਿੱਤਾ ਹੈ ਤੇ ਇਸ ਕਲਚਰ ਵਿਚ ਨਾਨਕ ਸਿੰਘ ਨੇ ਵਿਸਥਾਰ ਭਾਵੇਂ ਕਿਸੇ ਤਰ੍ਹਾਂ ਦੇ ਭਰੇ ਹਨ, ਪਰ ਸਿਧਾਂਤ ਇਹ ਦਿਤਾ ਹੈ ਕਿ ਨਾਵਲ ਜੀਵਨ ਤੇ ਸਮਾਜ ਦੀ ਵਾਸਤਵਿਕਤਾ ਦਾ ਪ੍ਰਤਿਪਾਦਨ ਕਰਨ ਵਾਲੀ ਰਚਨਾ ਹੈ। ਨਾਨਕ ਸਿੰਘ ਦੇ ਅਜਿਹੇ ਨਾਵਲ ਅੰਗਰੇਜ਼ੀ ਸਾਮਰਾਜ ਦੇ ਅਧੀਨ ਉਸਰੇ ਪੰਜਾਬ ਦੇ ਸ਼ਹਿਰੀ ਸਮਾਜ ਵਿਚ ਬਹੁਤ ਮਕਬੂਲ ਹੋਏ। ਨਾਨਕ ਸਿੰਘ ਨੇ ਲੋਕਾਂ ਵਿਚ ਨਾਵਲ ਪੜ੍ਹਨ ਦੀ ਰੁਚੀ ਅਤੇ ਦਿਲਚਸਪੀ ਪੈਦਾ ਕੀਤੀ। ਵਧੇਰੇ ਸੁਆਦੀ ਨਾਵਲ ਲਿਖਣਾ ਵੀ ਲਿਖਤ ਦੇ ਚਰਿੱਤਰ ਤੋਂ ਬਾਹਰ ਜਾਣਾ ਹੈ। ਕਿਉਂਕਿ ਲਿਖਤ ਨੇ ਸਾਡੇ ਭਾਵਾਂ ਵਿਚ ਸੰਜਮ ਪੈਦਾ ਕਰਨਾ ਹੁੰਦਾ ਹੈ ਤੇ ਅਤੇ ਇਸ ਸੰਜਮ ਦਾ ਕੰਮ ਗਿਆਨ ਦੇਣਾ ਹੁੰਦਾ

ਹੈ। ਨਾਨਕ ਸਿੰਘ ਦੇ ਨਾਵਲ ਸਾਡੇ ਭਾਵਾਂ ਨੂੰ ਤੀਖਣ ਕਰਦੇ ਹਨ ਅਤੇ ਅਸੀਂ ਭਾਵ ਦੀ ਪੱਧਰ ਉਤੇ ਆਨੰਦ ਮਾਣਦੇ ਹਾਂ। ਜਸਵੰਤ ਸਿੰਘ ਕੰਵਲ ਨਾਨਕ ਸਿੰਘ ਦੇ ਪਾਏ ਪੂਰਨਿਆਂ ਉਤੇ ਚਲਣ ਵਾਲਾ ਨਾਵਲਕਾਰ ਹੈ। ਨਾਨਕ ਸਿੰਘ ਆਂਸ, ਵਾਸਤਵਿਕਤਾ ਤੇ ਪ੍ਰਚਾਰ ਤਿੰਨਾਂ ਚੀਜ਼ਾਂ ਨੂੰ ਨਾਲ ਲੈ ਕੇ ਚਲਦਾ ਹੈ।

ਜਸਵੰਤ ਸਿੰਘ ਕੰਵਲ ਵੀ ਇਸੇ ਪੈਰਾਡਾਇਮ ਨੂੰ ਅਪਨਾਉਂਦਾ ਹੈ। ਜਸਵੰਤ ਸਿੰਘ ਕੰਵਲ ਦੇ ਹਰ ਨਾਵਲ ਵਿਚ ਮਨੁੱਖੀ ਜਜ਼ਬਿਆਂ ਨੂੰ ਅਪੀਲ ਕਰਨ ਵਾਲਾ ਰੁਮਾਂਸ ਕਿਸੇ ਨਾ ਕਿਸੇ ਰੂਪ ਵਿਚ ਅਵੱਸ਼ ਹੀ ਰੂਪਮਾਨ ਰਹਿੰਦਾ ਹੈ। ਦੂਸਰਾ, ਜਸਵੰਤ ਸਿੰਘ ਕੰਵਲ ਨਾਵਲ ਦੀ ਕਹਾਣੀ ਵਿਚ ਉਤਸੁਕਤਾ ਪੈਦਾ ਕਰਨ ਲਈ ਕਾਫੀ ਮਿਹਨਤ ਕਰਦਾ ਹੈ ਇਹ ਵੀ ਨਾਨਕ ਸਿੰਘ ਦੀ ਕਥਾ ਰੂੜੀ ਦਾ ਵਿਸ਼ੇਸ਼ ਲੱਛਣ ਤੇ ਵੱਖਰੀ ਪਛਾਣ ਹੈ। ਇਸ ਤੋਂ ਉਪਰੰਤ ਜਸਵੰਤ ਸਿੰਘ ਕੰਵਲ ਵਿਚਾਰਧਾਰਾ ਦੇ ਪੱਖ ਤੋਂ ਨਾਨਕ ਸਿੰਘ ਤੋਂ ਵੱਖਰਾ ਹੋ ਜਾਂਦਾ ਹੈ। ਨਾਨਕ ਸਿੰਘ ਬੁਨਿਆਦੀ ਤੌਰ ਤੇ ਸਮਾਜ ਸੁਧਾਰਕ ਸੀ, ਜਸਵੰਤ ਸਿੰਘ ਕੰਵਲ ਸਮਾਜਵਾਦੀ ਹੈ। ਇਸਨੇ ਆਪਣੇ ਨਾਵਲ ਰਾਹੀਂ ਸਮਾਜਵਾਦੀ ਵਿਚਾਰਧਾਰਾ ਦਾ ਖਾਸਾ ਪ੍ਰਚਾਰ ਕੀਤਾ ਹੈ। ਨਾਵਲਕਾਰ ਪਾਸ ਜੀਵਨ ਯਥਾਰਥ ਦਾ ਦਵੰਦ-ਆਧਾਰੀ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ। ਉਹ ਨਾ ਤਾਂ ਯਥਾਰਥ ਦੀ ਸਿੱਧੀ ਪੇਸ਼ਕਾਰੀ ਕਰੇ ਨਾ ਹੀ ਕਿਸੇ ਸਿਧਾਂਤ ਦਾ ਪ੍ਰਚਾਰ। ਨਾਵਲ ਦਾ ਲਿਖਤੀ ਚਰਿੱਤਰ ਹੀ ਐਸਾ ਹੁੰਦਾ ਹੈ ਕਿ ਉਸ ਵਿਚ ਸਿਧਾਂਤ ਦੇ ਪ੍ਰਚਾਰ ਦੀ ਵੀ ਸਿੱਧੀ ਗੁੰਜਾਇਸ਼ ਨਹੀਂ ਹੁੰਦੀ। ਯਥਾਰਥ ਦਵੰਦ-ਆਧਾਰੀ ਸੂਝ ਉਸਦੇ ਨਾਵਲਾਂ ਵਿਚ ਬੜੀ ਅਲਪ ਮਾਤਰਾ ਵਿਚ ਹੈ, ਆਪਣੇ ਪਹਿਲੇ ਨਾਵਲ ਵਿਚ ਤਾਂ ਉਹ ਰੁਮਾਂਸ ਨੂੰ ਨਾਲ ਲੈ ਕੇ ਚਲਦਾ ਹੈ ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਸ ਵੇਲੇ ਉਸ ਪਾਸ ਦਵੰਦ-ਆਧਾਰੀ ਸੂਝ ਦੀ ਘਾਟ ਸੀ ਪਰੰਤੂ ਜਦੋਂ ਉਹ 'ਲਹੂ ਦੀ ਲੋਅ' ਲਿਖਦਾ ਹੈ ਤਾਂ ਉਦੋਂ ਤਾਂ ਉਸ ਪਾਸੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਨਕਲਾਬੀ ਦ੍ਰਿਸ਼ਟੀਕੋਣ ਨੂੰ ਜੀਵਨ ਤੇ ਸਮਾਜ ਦੇ ਦਵੰਦ-ਆਧਾਰੀ ਦ੍ਰਿਸ਼ਾਂ ਵਿਚ ਪੇਸ਼ ਕਰੇ। ਪਰ ਕੰਵਲ ਜੀਵਨ ਯਥਾਰਥ, ਦਵੰਦ-ਆਧਾਰੀ ਦ੍ਰਿਸ਼ਟੀਕੋਣ ਅਤੇ ਸਮਾਜਵਾਦੀ ਵਿਚਕਾਰ ਨਾਵਲ ਦੀ ਪੱਧਰ ਉਤੇ ਗਿਆਨਸ਼ੀਲ ਰਿਸ਼ਤਾ ਸਥਾਪਿਤ ਕਰਨ ਵਿਚ ਅਸਫਲ ਹੀ ਰਿਹਾ ਹੈ।

ਇਸਤਰ੍ਹਾਂ ਸਾਡੇ ਅਧਿਐਨ ਵਿਚ ਜੋ ਬੁਨਿਆਦੀ ਪ੍ਰਸਤਾਵ ਉਘੜਦਾ ਹੈ, ਉਸਦਾ ਸੰਬੰਧ ਪੰਜਾਬੀ ਦੇ ਨਾਵਲ ਕਲਚਰ ਨਾਲ ਹੈ ਅਤੇ ਇਸ ਸਬੰਧੀ ਸਾਡੀ ਵਿਚਾਰਧਾਰਾ ਇਹ ਰਹਿੰਦੀ ਹੈ ਕਿ ਪੰਜਾਬੀ ਵਿਚ ਨਾਵਲ ਰਚਨਾ ਹੈ ਤੇ ਨਾਵਲ ਸਮੀਖਿਆ ਦੋਹਾਂ ਨੂੰ ਪ੍ਰਵਚਨ ਦੀ ਪੱਧਰ ਉਤੇ ਵਿਕਸਿਤ ਹੋ ਰਹੇ ਨਾਵਲ ਦੇ ਕਾਵਿ ਸ਼ਾਸਤਰ ਨਾਲ ਸਾਂਝ ਪਾਉਣੀ ਬਣਦੀ ਹੈ। ਇਸ ਤੋਂ ਬਿਨਾਂ ਨਾਵਲ ਦਾ ਲਿਖਤੀ ਚਰਿੱਤਰ ਸਾਹਮਣੇ ਆਉਣਾ ਸੰਭਵ ਨਹੀਂ। ਜਸਵੰਤ ਸਿੰਘ ਕੰਵਲ ਤੇ ਮਗਰਲੇ ਬਹੁਤੇ ਨਾਵਲਕਾਰ ਹਾਲੇ ਤੀਕ ਵੀ ਯਥਾਰਥ ਪ੍ਰਤਿਪਾਦਨ ਦੀ ਰੁਚੀ ਦੇ ਅਧੀਨ ਹੀ ਕਾਰਜਸ਼ੀਲ ਹਨ। ਨਾਵਲ ਕੇਵਲ ਕਿਸੇ ਸਭਿਆਚਾਰ ਦਾ ਬਿਰਤਾਂਤਕ ਰੂਪਾਂਤਰਣ ਹੀ ਨਹੀਂ, ਸਗੋਂ ਉਹ ਤਾਂ ਅਜਿਹੀ ਲਿਖਤ ਹੈ, ਜਿਸ ਰਾਹੀਂ ਸਭਿਆਚਾਰ ਦਾ ਵਿਆਕਰਣ ਵੀ ਸਾਹਮਣੇ ਆਉਂਦਾ ਹੈ ਤੇ ਵਿਆਕਰਣ ਵਿਗਿਆਨ ਦੀਆਂ ਅਗਲੀਆਂ ਸੰਭਾਵਨਾ ਦੇ ਰਾਹ ਵੀ ਖੁੱਲ੍ਹਦੇ ਹਨ। ਇਸ ਪਾਸੇ ਚੇਤੰਨ ਹੋਣ ਨਾਲ ਹੀ ਪੰਜਾਬੀ ਸਭਿਆਚਾਰ ਤੇ ਵਿਸ਼ੇਸ਼ ਕਰਕੇ ਪੰਜਾਬੀ ਨਾਵਲ ਦਾ ਕਾਵਿ-ਸ਼ਾਸਤਰ ਤਿਆਰ ਕੀਤਾ ਜਾ ਸਕਦਾ ਹੈ। ਜੇ ਰਤਾ ਕੁ ਗਹੁ ਨਾਲ ਇਸ ਸਭ ਨੂੰ ਵਿਚਾਰ ਕੇ ਅਧਿਐਨ ਕਰੀਏ ਤਾਂ ਸਾਡੀ ਸਮੱਸਿਆ ਕਾਫੀ ਹੱਦ ਤਕ ਸੁਲਝ ਜਾਏਗੀ। ਅਧਿਐਨ ਤੇ ਅਧਿਆਪਨ ਕੋਈ ਵੱਡਾ ਮਸਲਾ ਨਹੀਂ ਜ਼ਰਾ ਕੁ ਚੇਤੰਨ ਹੋਣ ਦੀ ਲੋੜ ਹੈ।

## ਹਵਾਲੇ


1. ਗੁਰਚਰਨ ਸਿੰਘ ਐਮ.ਏ., 'ਪੰਜਾਬੀ ਗਲਪਕਾਰ', ਹਿੰਦ ਪਬਲਿਸ਼ਰਜ਼ ਲਿਮਿਟਿਡ, ਕੋਰਟ ਰੋਡ, ਅੰਮ੍ਰਿਤਸਰ, ਮਈ 1954
2. ਘੁੰਮਣ, ਬਿਕਰਮ ਸਿੰਘ, ਐਮ.ਏ., (ਸੰਪਾਦਕ), 'ਜਸਵੰਤ ਸਿੰਘ ਕੰਵਲ ਦਾ ਨਾਵਲ ਜਗਤ', ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1984
3. ਰਾਹੀ, ਜੋਗਿੰਦਰ ਸਿੰਘ (ਡਾ.), 'ਪੰਜਾਬੀ ਨਾਵਲ', ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1978